

# ਕਮਿਊਨਿਟੀ ਕਨੈਕਸ਼ਨਸ ਪ੍ਰੋਗਰਾਮ

**ਸਹਾਇਤਾ • ਸੰਬੰਧ • ਭਾਈਚਾਰਾ •**

ਇਹ ਪ੍ਰੋਗਰਾਮ ਲੋਕਾਂ ਨੂੰ ਆਪਣੇ ਭਾਈਚਾਰੇ, ਸਮਾਜਿਕ ਸਮੂਹਾਂ ਅਤੇ ਸੇਵਾਵਾਂ ਨਾਲ ਜੁੜਨ ਵਿੱਚ ਸਹਾਇਤਾ ਕਰਦਾ ਹੈ।

ਮਜ਼ਬੂਤ ਸੰਬੰਧਾਂ ਦਾ ਹੋਣਾ ਤੁਹਾਡੀ ਖੁਸ਼ਹਾਲੀ ਵਿੱਚ ਸੁਧਾਰ ਲਿਆਂਦਾ ਹੈ ਅਤੇ ਇਸਦੇ ਲਾਭ ਲੰਬੇ ਸਮੇਂ ਤੱਕ ਰਹਿੰਦੇ ਹਨ।

## ਕਮਿਊਨਿਟੀ ਕਨੈਕਸ਼ਨ ਕਿਵੇਂ ਕੰਮ ਕਰਦੇ ਹਨ

ਕਮਿਊਨਿਟੀ ਕਨੈਕਸ਼ਨਸ ਪ੍ਰੋਗਰਾਮ ਟੀਚਿਆਂ ਨੂੰ ਵਿਕਸਿਤ ਕਰਨ ਲਈ ਅਤੇ ਥੋੜ੍ਹੇ ਸਮੇਂ ਦੀ ਸਹਾਇਤਾ ਪ੍ਰਦਾਨ ਕਰਨ ਲਈ ਜਾਂ, ਜੇ ਲੋੜ ਹੋਵੇ ਤਾਂ ਤੁਹਾਨੂੰ ਲੰਬੀ ਮਿਆਦ ਦੀ ਸਹਾਇਤਾ ਨਾਲ ਜੋੜਨ ਲਈ ਸਮੁੱਚੇ ਦੱਖਣੀ ਆਸਟ੍ਰੇਲੀਆ ਦੇ ਪਾਰਟਨਰ ਤੁਹਾਡੇ ਨਾਲ ਰਲ੍ਹ ਕੇ ਕੰਮ ਕਰਦੇ ਹਨ।

ਤੁਹਾਡੇ ਦੁਆਰਾ ਵਿਕਸਿਤ ਕੀਤੇ ਗਏ ਟੀਚੇ ਸਮਾਜਿਕ ਜਾਂ ਤੰਦਰੁਸਤੀ ਕੇਂਦਰਿਤ ਹੋ ਸਕਦੇ ਹਨ। ਤੁਸੀਂ ਸਥਾਨਕ ਕਮਿਊਨਿਟੀ (ਸਮਾਜਿਕ) ਗਤੀਵਿਧੀਆਂ ਵਿੱਚ ਹਿੱਸਾ ਲੈ ਕੇ, ਕਿਸੇ ਅਜਿਹੇ ਸ਼ੌਂਕ ਨੂੰ ਅਪਣਾ ਕੇ ਜੋ ਤੁਹਾਨੂੰ ਪਸੰਦ ਹੈ ਜਾਂ ਕਿਸੇ ਸਮੇਂ ਪਸੰਦ ਸੀ, ਕੋਈ ਸਹਾਇਤਾ ਸਮੂਹ ਲੱਭ ਕੇ ਜਾਂ ਕੋਈ ਸੇਵਾਵਾਂ ਵੱਲ ਰੈਫਰ ਹੋ ਕੇ ਆਪਣਾ ਆਤਮ ਵਿਸ਼ਵਾਸ ਵਧਾ ਸਕਦੇ ਹੋ।

ਕਮਿਊਨਿਟੀ ਕਨੈਕਸ਼ਨ ਪ੍ਰੋਗਰਾਮ ਦਾ ਅਨੁਭਵ ਤੁਹਾਡੇ ਬਾਰੇ ਹੈ, ਤੁਹਾਡੇ ਨਾਲ ਵਿਕਸਿਤ ਕੀਤਾ ਜਾਂਦਾ ਹੈ।

ਸਾਡੇ ਕੁਝ ਹਿੱਸਾ ਲੈਣ ਵਾਲਿਆਂ ਦੀਆਂ ਕਹਾਣੀਆਂ ਸੁਣੋ ਅਤੇ ਵੇਖੋ ਕਿ **ਕਮਿਊਨਿਟੀ ਕਨੈਕਸ਼ਨਸ** ਨੇ ਲੋਕਾਂ ਦੇ ਜੀਵਨ ਕਿਵੇਂ ਬਦਲੇ ਹਨ।

## ਇਕੱਠਿਆਂ, ਵਿਭਿੰਨਤਾ ਨੂੰ ਗਲੇ ਲਗਾਉਂਦੇ ਹੋਏ

ਸਾਡਾ ਪ੍ਰੋਗਰਾਮ ਅਜਿਹੇ ਵਿਲੱਖਣੇ ਦ੍ਰਿਸ਼ਟੀਕੋਣਾਂ, ਪਰੰਪਰਾਵਾਂ ਅਤੇ ਭਾਸ਼ਾਵਾਂ ਦਾ ਸਤਿਕਾਰ ਅਤੇ ਕਦਰ ਕਰਦਾ ਹੈ ਜੋ ਸਾਡੇ ਭਾਈਚਾਰਿਆਂ ਨੂੰ ਬੇਸ਼ਕੀਮਤੀ ਬਣਾਉਂਦੇ ਹਨ।

## ਕਮਿਉਨਿਟੀ ਕਨੈਕਸ਼ਨ ਕਿਸਦੇ ਲਈ ਹੈ

- ਉਹ ਲੋਕ ਜੋ ਦੱਖਣੀ ਆਸਟ੍ਰੇਲੀਆ ਵਿੱਚ ਰਹਿੰਦੇ ਹਨ।
- 18 ਤੋਂ 64 ਸਾਲ ਦੀ ਉਮਰ ਦੇ ਹਨ।
- ਆਪਣੇ ਭਾਈਚਾਰੇ, ਸੋਸ਼ਲ ਨੈੱਟਵਰਕ ਅਤੇ ਸੇਵਾਵਾਂ ਨਾਲ ਸੰਪਰਕ ਮਜ਼ਬੂਤ ਕਰਨ ਲਈ ਸਹਾਇਤਾ ਚਾਹੁੰਦੇ ਹਨ।
- ਰਾਸ਼ਟਰੀ ਅਪਾਹਜਤਾ ਬੀਮਾ ਯੋਜਨਾ (National Disability Insurance Scheme/NDIS) ਅਤੇ ਮਾਈ ਏਜਡ ਕੇਅਰ (My Aged Care) ਲਈ ਅਯੋਗ ਹਨ।

## ਕਿਸੇ ਖੇਤਰੀ ਕੋਆਰਡੀਨੇਟਿੰਗ ਪਾਰਟਨਰ ਤੋਂ ਹੋਰ ਜਾਣਕਾਰੀ ਹਾਸਲ ਕਰੋ

| | | |
|---|---|---|
| **ਦੱਖਣੀ ਐਡੀਲੇਡ, ਉੱਤਰੀ ਐਡੀਲੇਡ** | | |
| Anglicare SA | ਉੱਤਰੀ<br>ਦੱਖਣੀ | 0481 476 561<br>0481 455 461 |
| **ਪੱਛਮੀ ਐਡੀਲੇਡ, Limestone Coast, Murray ਅਤੇ Mallee, Fleurieu/Kangaroo Island** | | |
| Skylight Mental Health | | 8378 4100 |
| **Eyre and Western, Far North, Yorke and Mid North** | | |
| Centacare Catholic Country SA | | 1800 759 865 |
| **Adelaide Hills, Barossa, Light and Lower North** | | |
| Lutheran Community Care | | 8269 9300 |
| **ਪੂਰਬੀ ਐਡੀਲੇਡ** | | |
| Uniting Communities | | 8202 5291 |

**dhs.sa.gov.au/how-we-help/community-connections**

Government of South Australia

human services

Punjabi / ਪੰਜਾਬੀ